ਅਤਿ ਜ਼ਰੂਰੀ

ਨੰ:PERS-PP-1015/9/2024-6PP1/-Part(1)/**20**

ਪੰਜਾਬ ਸਰਕਾਰ

ਪ੍ਰਸੋਨਲ ਵਿਭਾਗ

(ਪ੍ਰਸੋਨਲ ਪਾਲਿਸੀਜ਼-1 ਸ਼ਾਖਾ)

ਮਿਤੀ, ਚੰਡੀਗੜ੍ਹ, 13 ਜਨਵਰੀ, 2025

ਸੇਵਾ ਵਿਖੇ

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,

ਡਵੀਜ਼ਨਾਂ ਦੇ ਕਮਿਸ਼ਨਰਜ਼,

ਰਜਿਸਟਰਾਰ ਪੰਜਾਬ ਅਤੇ ਹਰਿਆਣਾ ਹਾਈਕੋਰਟ,

ਡਿਪਟੀ ਕਮਿਸ਼ਨਰਜ਼ ਅਤੇ ਉਪ ਡਵੀਜ਼ਨਲ ਮੈਜਿਸਟ੍ਰੇਟ, ਪੰਜਾਬ।

ਵਿਸ਼ਾ:- **ਗਰੁੱਪ ਏ, ਬੀ. ਸੀ ਅਤੇ ਡੀ ਦੇ ਅਧਿਕਾਰੀਆਂ /ਕਰਮਚਾਰੀਆਂ ਦੀ ਵਿੱਤੀ ਸਾਲ 2023-24 ਦੀਆਂ ਏ.ਪੀ.ਏ.ਆਰਜ਼. ਹਰ ਪੱਖੋਂ ਨਿਰਧਾਰਤ ਸਮਾਂ-ਸੀਮਾਂ ਦੇ ਅੰਦਰ-ਅੰਦਰ ਮੁਕੰਮਲ ਕਰਨ ਬਾਰੇ।**

******

ਸ਼੍ਰੀਮਾਨ/ਸ਼੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਪੰਜਾਬ ਸਰਕਾਰ ਦੇ ਗਸ਼ਤੀ ਪੱਤਰ ਨੰ: PERS-PP-1015/8/2023-2PP1/143 ਮਿਤੀ 21-03-2024, ਪੱਤਰ ਨੰ:PERS-PP-20MISC/68/2024-4PP2/153 ਮਿਤੀ 30-04-2024, ਪੱਤਰ ਨੰ: PERS-PP-1015/8/2023-2PP1/219 ਮਿਤੀ 31-05-2024, ਪੱਤਰ ਨੰ: PERS-PP-1015/8/2023-2PP1/265 ਮਿਤੀ 15-07-2024, ਪੱਤਰ ਨੰ:PERS-PP-1015/8/2023-2PP1(6PP1)/283 ਮਿਤੀ 31.07.2024, ਨੰ:PERS-PP-1015/9/2024-6PP1/ I/989992/2024 ਮਿਤੀ 16-12-2024 ਅਤੇ ਪੱਤਰ ਨੰ: ਨੰ:PERS-PP-1015/9/2024-6PP1/-Part(1)/ I/1004786/2025 ਮਿਤੀ 08-01-2025 ਵੱਲ ਦਿਵਾਉਣ ਦੀ ਹਦਾਇਤ ਹੋਈ ਹੈ। ਪ੍ਰਸੋਨਲ ਵਿਭਾਗ ਵੱਲੋਂ ਪੱਤਰ ਨੰ:15/23/92-1PP1/9158 ਮਿਤੀ 28.5.1993 ਰਾਹੀਂ ਜਾਰੀ ਹਦਾਇਤਾਂ ਵਿੱਚ ਏ.ਪੀ.ਏ.ਆਰ. ਵਿੱਚ ਪ੍ਰਵਾਨਕਰਤਾ ਅਥਾਰਟੀ ਵੱਲੋਂ ਕਥਨ ਰਿਕਾਰਡ ਕਰਨ ਦੀ ਆਖਰੀ ਮਿਤੀ 30 ਸਤੰਬਰ ਨਿਰਧਾਰਤ ਹੈ, ਪਰੰਤੂ ਅਧਿਕਾਰੀਆਂ/ਕਰਮਚਾਰੀਆਂ ਦੀਆਂ ਏ.ਪੀ.ਏ.ਆਰਜ਼. ਵਿੱਚ 'ਨੋ ਰਿਪੋਰਟ ਸਰਟੀਫਿਕੇਟ' ਦੀ ਸੰਭਾਵਨਾ ਨੂੰ ਖਤਮ ਕਰਨ ਲਈ ਹੀ ਹਵਾਲਾ ਅਧੀਨ ਪੱਤਰਾਂ ਰਾਹੀਂ ਏ.ਪੀ.ਏ.ਆਰ. ਰਿਕਾਰਡ ਕਰਨ ਲਈ ਵੱਖ-ਵੱਖ ਪੱਧਰਾਂ (ਰਿਪੋਰਟਿੰਗ/ ਰਿਵਿਊਇੰਗ /ਪ੍ਰਵਾਨਕਰਤਾ) ਵੱਲੋਂ ਏ.ਪੀ.ਏ.ਆਰ. ਲਿਖਣ ਦੀ ਮਿਤੀ ਵਿੱਚ ਵਾਧਾ ਕੀਤਾ ਗਿਆ ਹੈ ਜਿਸ ਅਨੁਸਾਰ ਪ੍ਰਵਾਨਕਰਤਾ ਅਥਾਰਟੀ ਵੱਲੋਂ ਏ.ਪੀ.ਏ.ਆਰ. ਲਿਖਣ ਦੀ ਮਿਤੀ ਵਿੱਚ 15.1.2025 ਤੱਕ ਦਾ ਵਾਧਾ ਕੀਤਾ ਗਿਆ ਹੈ।

2. ਜੇਕਰ ਕਿਸੇ ਉਚਿਤ ਕਾਰਨ (justified reasons) ਕਰਕੇ ਕਿਸੇ ਅਧਿਕਾਰੀ /ਕਰਮਚਾਰੀ ਦੀ ਸਾਲ 2023-24 ਦੀ ਏ.ਪੀ.ਏ.ਆਰ. ਵਿੱਚ 'ਨੋ ਰਿਪੋਰਟ ਸਰਟੀਫਿਕੇਟ' ਰਿਕਾਰਡ ਦਰਜ ਕਰਨ ਦੀ ਸੰਭਾਵਨਾ ਹੈ ਤਾਂ ਪ੍ਰਬੰਧਕੀ ਵਿਭਾਗ ਵੱਲੋਂ ਰਿਪੋਰਟ ਨਾ ਲਿਖੇ ਜਾਣ ਦੇ ਪੂਰੇ ਕਾਰਨ ਸਪਸ਼ਟ ਕਰਦੇ ਹੋਏ ਆਪਣੇ ਵਿਭਾਗ ਦੀ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਪ੍ਰਾਪਤ ਕਰਨੀ ਯਕੀਨੀ ਬਣਾਈ ਜਾਵੇ **ਅਤੇ ਇਸ ਦੀ ਵਿਸਥਾਰ ਸਹਿਤ ਰਿਪੋਰਟ ਸਮੇਤ ਨੋਟਿੰਗ ਪ੍ਰਸੋਨਲ ਵਿਭਾਗ ਨੂੰ ਰਿਕਾਰਡ ਹਿੱਤ ਭੇਜੀ ਜਾਵੇ।**

3. ਵਿੱਤੀ ਸਾਲ 2024-25 ਦੀਆਂ ਏ.ਪੀ.ਏ.ਆਰਜ਼. ਜੋ ਕਿ ਵਿੱਤੀ ਸਾਲ 2025-26 ਦੌਰਾਨ ਲਿਖੀਆਂ ਜਾਣੀਆਂ ਹਨ ਬਾਰੇ ਵੇਰਵੇ ਸਹਿਤ ਹਦਾਇਤਾਂ ਵੱਖਰੇ ਤੌਰ ਤੇ ਜਾਰੀ ਕੀਤੀਆਂ ਜਾ ਰਹੀਆਂ ਹਨ।

4. ਇਹ ਹਦਾਇਤਾਂ ਸਮੂਹ ਪ੍ਰਬੰਧਕੀ ਸਕੱਤਰਾਂ ਵੱਲੋਂ ਉਨ੍ਹਾਂ ਦੇ ਵਿਭਾਗਾਂ ਵਿੱਚ ਇੰਨ-ਬਿੰਨ ਲਾਗੂ ਕਰਨੀਆਂ ਯਕੀਨੀ ਬਣਾਈਆਂ ਜਾਣ।

ਰਜਿੰਦਰ ਕੌਰ
ਸੁਪਰਡੰਟ

ਉਤਾਰਾ ਸਮੂਹ ਵਿਸ਼ੇਸ਼ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰਾਂ/ਪ੍ਰਬੰਧਕੀ ਸਕੱਤਰਾਂ ਨੂੰ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਰਜਿੰਦਰ ਕੌਰ
ਸੁਪਰਡੰਟ

ਸੇਵਾ ਵਿਖੇ

ਵਿਸ਼ੇਸ਼ ਮੁੱਖ ਸਕੱਤਰ/ਵਧੀਕ ਮੁੱਖ ਸਕੱਤਰ/
ਵਿੱਤੀ ਕਮਿਸ਼ਨਰਜ਼/ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ

ਅੰ:ਵਿ:ਪੱ:ਨੰ:PERS-PP-1015/9/2024-6PP1- Part(1)/**21** ਮਿਤੀ, ਚੰਡੀਗੜ੍ਹ: 13.01.2025